# ਕਚਹਿਰੀ

(ਪਰਦਾ ਖੁਲ੍ਹਣ 'ਤੇ ਕਚਹਿਰੀ ਦੇ ਕਮਰੇ ਦਾ ਦ੍ਰਿਸ਼ ਹੈ। ਜੱਜ, ਵਕੀਲ, ਕਰਮਚਾਰੀ ਆਦਿਕ ਆਪਣੀਆਂ ਆਪਣੀਆਂ ਨਿਸ਼ਚਿਤ ਥਾਵਾਂ 'ਤੇ ਬੈਠੇ ਹਨ।)

ਸੂਤਰਧਾਰ : (ਮੰਚ 'ਤੇ ਆ ਕੇ ਦਰਸ਼ਕਾਂ ਨੂੰ ਸੰਬੋਧਨ ਕਦੇ ਹੋਏ) ਅੱਜ ਤੁਸੀਂ ਜਿਹੜਾ ਨਾਟਕ ਵੇਖਣਾ ਹੈ, ਉਸ ਦੀ ਸਥਿਤੀ ਇਹ ਹੈ ਕਿ ਨੌਜਵਾਨਾਂ ਦਾ ਇਕ ਜਲੂਸ ਆਇਆ ਹੈ, ਉਹਨਾਂ ਨੇ ਮੰਗ ਕੀਤੀ ਹੈ ਕਿ ਕਚਹਿਰੀ ਵਿਚ ਇਕ ਦਿਨ ਇਨਸਾਫ ਦੀ ਕੁਰਸੀ ਉਤੇ ਉਨ੍ਹਾਂ ਦੇ ਨੁਮਾਇੰਦੇ ਨੂੰ ਬਿਠਾਇਆ ਜਾਏ। ਉਹਨਾਂ ਵਿਚ ਜੋਸ਼ ਬਹੁਤ ਹੈ– ਨੌਜਵਾਨਾਂ ਵਿਚ ਜੋਸ਼ ਤਾਂ ਹੁੰਦਾ ਹੀ ਹੈ, ਇਹ ਤਾਂ ਤੁਹਾਨੂੰ ਪਤਾ ਹੀ ਹੈ। ਵੱਡੇ ਅਹੁਦੇਦਾਰ ਨੇ ਮੌਕਾ ਸੰਭਾਲਦੇ ਹੋਏ ਇਹ ਮੰਗ ਮੰਨ ਲਈ ਹੈ, ਉਹਨੇ ਸੋਚਿਆ ਹੈ ਇਕ ਦਿਨ ਨਾਲ ਕੀ ਫ਼ਰਕ ਪੈਂਦਾ ਹੈ ?... ਹਾਂ ਇਕ ਦਿਨ ਨਾਲ ਫ਼ਰਕ ਵੀ ਕੀ ਪੈਂਦਾ ਹੈ, ਸੋ ਕਚਹਿਰੀ ਲਗ ਗਈ ਹੈ। ਜੱਜ ਅਸਥਾਪਤ ਕਾਨੂੰਨ ਹੈ ਕਿਉਂਕਿ ਨੌਜਵਾਨਾਂ ਦਾ ਨੁਮਾਇਦਾ ਅਸਥਾਪਤ ਕਾਨੂੰਨ ਨਾਲ ਹੀ ਚੁਣਿਆ ਗਿਆ ਹੈ, ਪਰ ਵਕੀਲ, ਸਿਪਾਹੀ, ਕਰਮਚਾਰੀ ਆਦਿਕ ਸਥਾਪਤ ਕਾਨੂੰਨ ਦੇ ਹੀ ਹਨ, ਹੁਣ ਕਾਰਵਾਈ ਸ਼ੁਰੂ ਹੁੰਦੀ ਹੈ।

ਮੁਕੱਦਮਾ ਨੰਬਰ 1

– : ਦੋਸ਼ੀ ਨੂੰ ਹਾਜ਼ਰ ਕਰੋ

– : ਹਾਜ਼ਰ ਹੈ

– : ਇਹਦਾ ਦੋਸ਼ ?

– : ਇਸ ਔਰਤ ਨੇ ਆਪਣੇ ਬੱਚਿਆਂ ਨੂੰ ਮਾਰ ਕੇ ਆਪ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ।

– : ਕਾਰਨ ?

– : ਭੁੱਖ

ਸਥਾਪਤ ਕਾਨੂੰਨ ਦਾ ਵਕੀਲ : ਇਹ ਔਰਤ ਮਮਤਾ ਦੇ ਨਾਂ 'ਤੇ ਧੱਬਾ ਹੈ, ਇਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਸੰਸਾਰ ਭਰ ਦੀਆਂ ਮਾਵਾਂ ਨੂੰ ਇਬਰਤ ਹਾਸਲ ਹੋਵੇ।

ਅਸਥਾਪਤ ਕਾਨੂੰਨ ਦਾ ਜੱਜ : ਰਿਹਾ ਕਰ ਦਿਓ, ਕਸੂਰ ਇਹਦਾ ਨਹੀਂ, ਸਮੇਂ ਦੀ

ਸਰਕਾਰ ਦਾ ਹੈ।

ਮੁਕੱਦਮਾ ਨੰਬਰ 2

– : ਦੋਸ਼ੀ ਨੂੰ ਹਾਜ਼ਰ ਕਰੋ

– : ਹਾਜ਼ਰ ਹੈ

– : ਇਹਦਾ ਦੋਸ਼ ?

– : ਇਹਨੇ ਇਕ ਮੁਸਾਫਿਰ ਦੀ ਜੇਬ ਕਤਰੀ ਹੈ।

– : ਇਹਦੀ ਉਮਰ ?

– : ਬਾਰ੍ਹਾਂ ਸਾਲ

– : ਇਹਦੇ ਮਾਪੇ ?

– : ਇਹ ਯਤੀਮ ਹੈ।

– : ਇਹਦੀ ਵਿਦਿਆ ?

– : ਇਹ ਕਿਸੇ ਸਕੂਲ ਨਹੀਂ ਗਿਆ।

ਸਥਾਪਤ ਕਾਨੂੰਨ ਦਾ ਵਕੀਲ : ਦੇਖੋ ਸ਼ਕਲ ਕਿਤਨੀ ਭੋਲੀ ਹੈ, ਪਰ ਕੰਮ ਕਿੰਨੇ ਕਾਲੇ ਹਨ। ਇਹਨੂੰ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਗੁਨਾਹ ਨੂੰ ਜੜ੍ਹ ਤੋਂ ਹੀ ਰੋਕਿਆ ਜਾ ਸਕੇ।

ਅਸਥਾਪਤ ਕਾਨੂੰਨ ਦਾ ਜੱਜ : ਰਿਹਾ ਕਰ ਦਿਓ, ਦੋਸ਼ ਇਹਦਾ ਨਹੀਂ, ਸਮੇਂ ਦੇ ਸਮਾਜ ਦਾ ਹੈ ਜੋ ਯਤੀਮ ਬੱਚਿਆਂ ਨੂੰ ਸਾਂਭ ਨਹੀਂ ਸਕਦਾ।

ਮੁਕੱਦਮਾ ਨੰਬਰ 3

– : ਦੋਸ਼ੀ ਨੂੰ ਹਾਜ਼ਰ ਕਰੋ

– : ਹਾਜ਼ਰ ਹੈ

– : ਇਹਦਾ ਦੋਸ਼ ?

– : ਇਹਨੇ ਦੂਜੇ ਫਿਰਕੇ ਦੇ ਇਕ ਵਿਅਕਤੀ ਨੂੰ ਛੁਰਾ ਮਾਰਿਆ ਹੈ।

– : ਕਿਉਂ ?

– : ਕਿਉਂਕਿ ਦੂਜੇ ਫਿਰਕੇ ਦੇ ਕਿਸੇ ਵਿਅਕਤੀ ਨੇ ਇਸ ਫਿਰਕੇ ਦੇ ਕਿਸੀ ਵਿਅਕਤੀ ਨੂੰ ਛੁਰਾ ਮਾਰਿਆ ਸੀ।

ਸਥਾਪਤ ਕਾਨੂੰਨ ਦਾ ਵਕੀਲ : ਇਸ ਨੂੰ ਸਜ਼ਾ ਦਿਓ, ਇਹ ਮਨੁੱਖਤਾ ਦੇ ਨਾਂ ’ਤੇ ਧੱਬਾ ਹੈ।

ਅਸਥਾਪਤ ਕਾਨੂੰਨ ਦਾ ਜੱਜ : ਰਿਹਾ ਕਰ ਦਿਓ, ਦੋਸ਼ ਇਹਦਾ ਨਹੀਂ, ਫਿਰਕੂ ਆਗੂਆਂ ਦਾ ਹੈ, ਜੋ ਲੋਕਾਂ ਦੇ ਦਿਲਾਂ ਵਿਚ ਮਜ਼੍ਹਬੀ ਨਫ਼ਰਤ ਦਾ ਬੀਜ ਬੀਜਦੇ ਹਨ।

*(ਜੱਜ ਆਪਣਾ ਫੈਸਲਾ ਲਿਖਦਾ ਹੈ ਕਚਹਿਰੀ ਬਰਖ਼ਾਸਤ ਹੋ ਗਈ ਹੈ।)*

ਸੂਤਰਧਾਰ : ਫੜੇ ਹੋਏ ਦੋਸ਼ੀ ਸਭ ਰਿਹਾ ਹੋ ਗਏ ਹਨ। ਸਿਪਾਹੀ ਖਾਲੀ ਹੱਥਕੜੀ ਲੈ ਕੇ ਖੜੇ ਹਨ, ਕਿਉਂਕਿ ਅਸਲ ਦੋਸ਼ੀ ਫੜਨ ਦੀ ਉਹਨਾਂ ਦੀ ਹਿੰਮਤ ਨਹੀਂ, ਕਚਹਿਰੀ ਦੇ ਕਰਮਚਾਰੀ ਅੱਜ ਸਾਰੇ ਖਾਲੀ ਜੇਬਾਂ ਘਰਾਂ ਨੂੰ ਜਾ ਰਹੇ ਹਨ। ਅਸਥਾਪਤ ਕਾਨੂੰਨ ਦੇ ਥੱਲੇ ਉਹਨਾਂ ਨੂੰ ਕੋਈ ਉਪਰਲੀ ਆਮਦਨ ਨਹੀਂ ਹੋਈ ਸੀ।... ਸੁਣੋ ਇਹ ਨੌਜਵਾਨਾਂ ਦੀ ਭੀੜ ਹੁਣ ਕੀ ਨਾਅਰੇ ਲਾ ਰਹੀ ਹੈ ?... ਲਓ ਇਹ ਤਾਂ ਮੰਗ ਕਰ ਰਹੇ ਹਨ ਕਿ ਅਸਲ ਦੋਸ਼ੀਆਂ ਨੂੰ ਕਟਿਹਰੇ ਵਿਚ ਖੜਾ ਕੀਤਾ ਜਾਏ... ਭਲਾ ਇਹ ਕਿਵੇਂ ਹੋ ਸਕਦਾ ਹੈ, ਨੌਜਵਾਨ ਵੀ ਆਪਹੁਦਰੇ ਹੋ ਗਏ ਹਨ... ਪਰ ਹੋਣ ਨੂੰ ਕੀ ਨਹੀਂ ਹੋ ਸਕਦਾ ? ਨੌਜਵਾਨ ਜਦੋਂ ਕਿਸੇ ਗੱਲ 'ਤੇ ਤੁਰ ਜਾਣ ਤਾਂ ਸਭ ਕੁਝ ਹੋ ਸਕਦਾ ਹੈ... ਉਮੀਦ ਹੈ ਇਹ 'ਵਚਿੱਤਰ ਨਾਟਕ' ਵੀ ਹੁਣ ਜਲਦੀ ਹੀ ਹੋਵੇਗਾ।

*(ਪਰਦਾ ਹੌਲੇ ਹੌਲੇ ਡਿੱਗਦਾ ਹੈ।)*